# Visit of BIMSTEC Secretary General to India (August 22-25, 2022)

August 26, 2022

## BIMSTEC ਦੇ ਸਕੱਤਰ ਜਨਰਲ ਵੱਲੋਂ ਭਾਰਤ ਦਾ ਦੌਰਾ (22-25 ਅਗਸਤ, 2022)

### 26 ਅਗਸਤ, 2022

1. BIMSTEC ਦੇ ਸਕੱਤਰ ਜਨਰਲ ਮਹਾਮਹਿਮ ਸ਼੍ਰੀਮਾਨ ਤੇਨਜਿਨ ਲੇਕਫੇਲ ਨੇ ਵਿਦੇਸ਼ ਮੰਤਰਾਲੇ ਦੇ ਸਕੱਤਰ (ਪੂਰਬ) ਸ਼੍ਰੀ ਸੌਰਭ ਕੁਮਾਰ ਦੇ ਸੱਦੇ 'ਤੇ 22-25 ਅਗਸਤ, 2022 ਤੱਕ ਭਾਰਤ ਦਾ ਦੌਰਾ ਕੀਤਾ।

2. ਇਸ ਦੌਰੇ ਦੌਰਾਨ ਪਿਛਲੇ ਸਿਖ਼ਰ ਸੰਮੇਲਨ (30 ਮਾਰਚ, 2022) ਵਿੱਚ ਅਪਣਾਏ ਗਏ BIMSTEC ਚਾਰਟਰ ਤਹਿਤ BIMSTEC ਸੰਸਥਾਗਤ ਢਾਂਚੇ ਦੀ ਮਜ਼ਬੂਤੀ ਅਤੇ ਹੋਰ ਘਟਨਾਕ੍ਰਮ ਬਾਰੇ ਦੌਰੇ 'ਤੇ ਆਏ BIMSTEC ਸਕੱਤਰ ਜਨਰਲ ਨਾਲ ਵਿਸਥਾਰਤ ਚਰਚਾ ਕੀਤੀ ਗਈ। ਅੱਤਵਾਦ ਰੋਕੂ, ਆਫ਼ਤ ਪ੍ਰਬੰਧਨ, ਸਮੁੰਦਰੀ ਸਹਿਯੋਗ ਅਤੇ ਊਰਜਾ ਸੁਰੱਖਿਆ ਸਮੇਤ ਭਾਰਤ ਦੀ ਅਗਵਾਈ ਵਾਲੇ ਵਿਸ਼ੇਸ਼ ਖੇਤਰਾਂ ਵਿੱਚ ਸਹਿਯੋਗ ਨੂੰ ਤੇਜ਼ੀ ਨਾਲ ਅੱਗੇ ਵਧਾਉਣ 'ਤੇ ਵੀ ਚਰਚਾ ਕੀਤੀ ਗਈ। ਗਰੀਬੀ ਦੇ ਖਾਤਮੇ, ਕਨੈਕਟੀਵਿਟੀ ਅਤੇ ਵਪਾਰ ਅਤੇ ਨਿਵੇਸ਼ ਦੇ ਤਿੰਨ BIMSTEC ਤਰਜੀਹੀ ਖੇਤਰਾਂ ਵਿੱਚ ਚੱਲ ਰਹੀਆਂ ਸਹਿਯੋਗ ਗਤੀਵਿਧੀਆਂ ਦੀ ਵੀ ਸਮੀਖਿਆ ਕੀਤੀ ਗਈ।

3. ਸਕੱਤਰ ਜਨਰਲ ਨੇ ਉਪ ਰਾਸ਼ਟਰੀ ਸੁਰੱਖਿਆ ਸਲਾਹਕਾਰ, ਬਿਜਲੀ ਮਹਿਕਮੇ ਦੇ ਸਕੱਤਰ, ਅਤੇ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਦੇ ਮੈਂਬਰ-ਸਕੱਤਰ ਨਾਲ ਮੁਲਾਕਾਤ ਕੀਤੀ ਅਤੇ ਸੈਕਟਰਲ ਖੇਤਰਾਂ ਵਿੱਚ BIMSTEC ਸਹਿਯੋਗ ਦੀ ਸਮੀਖਿਆ ਕੀਤੀ।

4. ਉਨ੍ਹਾਂ ਨੇ ਵਿਕਾਸਸ਼ੀਲ ਦੇਸ਼ਾਂ ਲਈ ਖੋਜ ਅਤੇ ਸੂਚਨਾ ਪ੍ਰਣਾਲੀਆਂ (RIS) ਦੁਆਰਾ ਕਰਾਏ ਗਏ ਆਯੋਜਿਤ ਜਨਤਕ ਇੰਟਰਐਕਟਿਵ ਸੈਸ਼ਨ ਵਿੱਚ ਵੀ ਹਿੱਸਾ ਲਿਆ ਜਿਸਦਾ ਸਿਰਲੇਖ ਸੀ "ਭਾਗਦਾਰੀ ਦੁਆਰਾ ਵਿਕਾਸ ਨੂੰ ਮੁੜ ਸੁਰਜੀਤ ਕਰਨਾ-BIMSTEC ਦੀ ਭੂਮਿਕਾ". ਇਸ ਸਮਾਗਮ ਵਿੱਚ ਥਾਈਲੈਂਡ, ਭੂਟਾਨ ਅਤੇ ਮਿਆਂਮਾਰ ਦੇ ਰਾਜਦੂਤਾਂ ਅਤੇ ਨਵੀਂ ਦਿੱਲੀ ਵਿੱਚ BIMSTEC ਡਿਪਲੋਮੈਟਿਕ ਮਿਸ਼ਨਾਂ ਦੇ ਸੀਨੀਅਰ ਡਿਪਲੋਮੈਟ ਨੇ ਭਾਗ ਲਿਆ।

5. ਸਕੱਤਰ ਜਨਰਲ ਨੇ 24 ਅਗਸਤ, 2022 ਨੂੰ ਵਿਦੇਸ਼ ਮਾਮਲੇ ਅਤੇ ਸਿੱਖਿਆ ਰਾਜ ਮੰਤਰੀ (MoS) ਡਾਕਟਰ ਰਾਜਕੁਮਾਰ ਰੰਜਨ ਸਿੰਘ ਨਾਲ ਮੁਲਾਕਾਤ ਕੀਤੀ। ਇਸ ਮੌਕੇ 'ਤੇ ਰਾਜ ਮੰਤਰੀ ਨੇ ਰਸਮੀ ਤੌਰ 'ਤੇ BIMSTEC ਸਕੱਤਰੇਤ ਦੇ ਸੰਚਾਲਨ ਬਜਟ ਲਈ 10 ਲਖ ਅਮਰੀਕੀ ਡਾਲਰ ਦਾ ਚੈੱਕ ਸੌਂਪਿਆ ਜੋ ਕਿ ਪਿਛਲੇ BIMSTEC ਸਿਖ਼ਰ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਦੁਆਰਾ ਕੀਤੇ ਗਏ ਐਲਾਨ ਦੇ ਅਨੁਸਾਰ ਸੀ ।

6. BIMSTEC ਵਿੱਚ 7 ਮੈਂਬਰ ਦੇਸ਼ (ਬੰਗਲਾਦੇਸ਼, ਭੂਟਾਨ, ਭਾਰਤ, ਮਿਆਂਮਾਰ, ਨੇਪਾਲ, ਸ੍ਰੀਲੰਕਾ ਅਤੇ ਥਾਈਲੈਂਡ) ਸ਼ਾਮਲ ਹਨ ਜੋ ਕਿ ਬੰਗਾਲ ਦੀ ਖਾੜੀ ਦੇ ਕਿਨਾਰੇ ਸਥਿਤ ਹਨ ਜਾਂ ਨਿਰਭਰ ਹਨ। ਸ੍ਰੀਲੰਕਾ ਦੁਆਰਾ ਕਰਾਏ ਗਏ ਪਿਛਲੇ BIMSTEC ਸਿਖ਼ਰ ਸੰਮੇਲਨ ਦੌਰਾਨ ਆਗੂਆਂ ਨੇ ਵੱਖਰੀ ਅੰਤਰਰਾਸ਼ਟਰੀ ਕਾਨੂੰਨੀ ਸ਼ਖਸੀਅਤ ਵਾਲੇ ਪੂਰੇ ਖੇਤਰੀ ਸੰਗਠਨ ਵਜੋਂ ਇਸਦੇ ਵਿਕਾਸ ਦੀ ਪ੍ਰਾਪਤੀ ਲੀ BIMSTEC ਚਾਰਟਰ ਅਪਣਾਇਆ ਅਤੇ ਇਸ ਉੱਤੇ ਹਸਤਾਖਰ ਕੀਤੇ। ਭਾਰਤ BIMSTEC ਖੇਤਰੀ ਸਹਿਯੋਗ ਏਜੰਡੇ ਨੂੰ ਅੱਗੇ ਵਧਾਉਣ ਅਤੇ ਬੰਗਾਲ ਦੀ ਖਾੜੀ ਖੇਤਰ ਵਿੱਚ ਵਿਕਾਸ ਅਤੇ ਆਰਥਿਕ ਸਹਿਯੋਗ ਲਈ BIMSTEC ਨੂੰ ਜੀਵੰਤ ਖੇਤਰੀ ਸੰਗਠਨ ਬਣਾਉਣ ਲਈ BIMSTEC ਮੈਂਬਰ ਦੇਸ਼ਾਂ ਨਾਲ ਕੰਮ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਨਵੀਂ ਦਿੱਲੀ

26 ਅਗਸਤ, 2022

DISCLAIMER: This is an approximate translation. The original is available in English on MEA’s website and may be referred to as the official press release.